- ਨਾਵਲ- ਇਕ ਹੋਰ ਨਵਾਂ ਸਾਲ
- ਨਾਵਲਕਾਰ -ਨਰਿੰਜਨ ਤਸਨੀਮ

ਪ੍ਰਸ਼ਨ 1. ਇਕ ਹੋਰ ਨਵਾਂ ਸਾਲ ਨਾਵਲ ਦਾ ਲੇਖਕ ਕੌਣ ਹੈ?
ਉੱਤਰ - ਨਰਿੰਜਨ ਤਸਨੀਮ ।
ਪ੍ਰਸ਼ਨ 2. ਇਕ ਹੋਰ ਨਵਾਂ ਸਾਲ ਨਾਵਲ ਦੇ ਕਿਨ੍ਹੇ ਤੇ ਕਿਹੜੇ ਕਿਹੜੇ ਭਾਗ ਹਨ ?
ਉੱਤਰ- ਨਾਵਲ ਦੇ ਤਿੰਨ ਭਾਗ ਸਵੇਰ,ਦੁਪਿਹਰ ਤੇ ਸ਼ਾਮ ਹਨ।
ਪ੍ਰਸ਼ਨ 3. ਇਕ ਹੋਰ ਨਵਾਂ ਸਾਲ ਨਾਵਲ ਦਾ ਨਾਇਕ (ਮੁੱਖ ਪਾਤਰ) ਕੌਣ ਹੈ ?
ਉੱਤਰ-ਬੰਤਾ ।
ਪ੍ਰਸ਼ਨ4. ਬੰਤਾ ਕਿਸ ਸ਼ਹਿਰ ਵਿਚ ਰਿਕਸ਼ਾ ਚਲਾਉਂਦਾ ਹੈ ?
ਉੱਤਰ- ਸ਼੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਵਿਚ।
ਪ੍ਰਸ਼ਨ 5. ਬੰਤੇ ਦੀ ਪਤਨੀ ਦਾ ਨਾਂ ਕੀ ਹੈ ?
ਉੱਤਰ- ਤਾਰੋ।
ਪ੍ਰਸ਼ਨ 6. ਤਾਰੋ ਬੰਤੇ ਦੀ ਕੀ ਲੱਗਦੀ ਸੀ ?
ਉੱਤਰ- ਪਤਨੀ।
ਪ੍ਰਸ਼ਨ 7. ਬੰਤੇ ਤੇ ਤਾਰੋ ਦੇ ਪੁੱਤਰ ਦਾ ਨਾਂ ਕੀ ਸੀ ?
ਉੱਤਰ- ਫੁੰਮਣ।
ਪ੍ਰਸ਼ਨ 8. ਦਿਆਲਾ ਬੰਤੇ ਦਾ ਕੀ ਲਗਦਾ ਸੀ ?
ਉੱਤਰ- ਮਿੱਤਰ
ਪ੍ਰਸ਼ਨ 9. ਬੰਤੇ ਦੀ ਸਵੇਰੇ ਕਿੰਨੇ ਵਜੇ ਜਾਗ ਖੁੱਲ੍ਹੀ ?
ਉੱਤਰ- ਪੰਜ ਵਜੇ।
ਪ੍ਰਸ਼ਨ 10. ਬੰਤੇ ਦਾ ਸਵੇਰੇ ਛੇ ਵਜੇ ਕਿੱਥੇ ਪਹੁੰਚਣ ਦਾ ਪ੍ਰੋਗਰਾਮ ਸੀ?
ਉੱਤਰ- ਰੇਲਵੇ ਸਟੇਸ਼ਨ ਤੇ।
ਪ੍ਰਸ਼ਨ 11. ਬੰਤੇ ਦੇ ਕਿੰਨੇ ਬੱਚੇ ਸਨ ?
ਉੱਤਰ- ਤਿੰਨ, ਇੱਕ ਮੁੰਡਾ ਤੇ ਦੋ ਕੁੜੀਆਂ ਸਨ।
ਪ੍ਰਸ਼ਨ 12. ਬੰਤੇ ਦੇ ਬਾਪ ਦਾ ਕੀ ਕੰਮ ਸੀ ?
ਉੱਤਰ- ਖੇਤ ਮਜ਼ਦੂਰ ਦਾ।
ਪ੍ਰਸ਼ਨ 13. ਬੰਤੇ ਦੇ ਪਿਓ ਦੀ ਮੌਤ ਕਿਸ ਕਾਰਨ ਹੋਈ ?
ਉੱਤਰ- ਕਰਜ਼ੇ ਦੇ ਫ਼ਿਕਰ ਕਰਨ।
ਪ੍ਰਸ਼ਨ 14. ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ ?
ਉੱਤਰ- ਪਿਤਾ ਦੀ ਮੌਤ ਹੋਣ ਕਾਰਨ।
ਪ੍ਰਸ਼ਨ 15. ਬੰਤੇ ਦੀਆਂ ਕਿੰਨੀਆਂ ਭੈਣਾਂ ਸਨ ?
ਉੱਤਰ- ਤਿੰਨ ।
ਪ੍ਰਸ਼ਨ 16. ਤਾਨਪੁਰੇ ਵਾਲੀ ਕੁੜੀ ਕਿੱਥੇ ਪ੍ਰੋਗਰਾਮ ਦੇਣ ਗਈ ਸੀ ?
ਉੱਤਰ- ਜਲੰਧਰ ਰੇਡੀਓ ਸਟੇਸ਼ਨ ਉੱਤੇ।
ਪ੍ਰਸ਼ਨ17. ਬੰਤਾ ਕਿਹੋ ਜਿਹੀ ਕਮਾਈ ਖਾਣੀ ਪਸੰਦ ਕਰਦਾ ਹੈ ?
ਉੱਤਰ- ਦਸਾਂ ਨਹੁੰਆਂ ਦੀ।
ਪ੍ਰਸ਼ਨ18. ਜਲ੍ਹਿਆਂ ਵਾਲੇ ਬਾਗ਼ ਵਿਚ ਸ਼ਹੀਦਾਂ ਦਾ ਖ਼ੂਨ ਕਿਸ ਦਿਨ ਡੁੱਲ੍ਹਾ ਸੀ ?
ਉੱਤਰ- ਵਿਸਾਖੀ ਵਾਲੇ ਦਿਨ।
ਪ੍ਰਸ਼ਨ19. ਬੰਤਾ ਫੁੰਮਣ ਨੂੰ ਕਿੰਨੀਆਂ ਜਮਾਤਾਂ ਪੜ੍ਹਾਉਣੀਆਂ ਚਾਹੁੰਦਾਂ ਸੀ ?
ਉੱਤਰ- ਚੌਦਾਂ ।
ਪ੍ਰਸ਼ਨ 20. ਰਿਕਸ਼ੇ ਵਾਲੇ ਦੀ ਪਤਨੀ ਕਿਸ ਦੇ ਘਰ ਕੰਮ ਕਰਨ ਜਾਂਦੀ ਸੀ ?
ਉੱਤਰ- ਸਕੂਲ ਮਾਸਟਰ ਦੇ।

ਪ੍ਰਸ਼ਨ 21. ਬੰਤੇ ਨੇ ਦੁਪਹਿਰ ਵੇਲੇ ਜਦੋਂ ਘਰ ਦੇ ਬਾਹਰ ਆ ਕੇ ਟੱਲੀ ਵਜਾਈ ਤਾਂ ਕੌਣ ਦੌੜ ਕੇ ਆਇਆ ?
ਉੱਤਰ- ਫੁੰਮਣ।
ਪ੍ਰਸ਼ਨ 22. ਫੁੰਮਣ ਆਪਣੇ ਪਿਤਾ ਬੰਤੇ ਤੋਂ ਕਿਹੜਾ ਪਾਠ ਪੜ੍ਹਨਾ ਚਾਹੁੰਦਾ ਸੀ ?
ਉੱਤਰ- ਆਪਣਾ ਦੇਸ਼।
ਪ੍ਰਸ਼ਨ 23. ਬੰਤੇ ਨੂੰ ਆਪਣੀ ਕਿਹੜੀ ਮਾਮੀ ਸਭ ਤੋਂ ਚੰਗੀ ਲਗਦੀ ਸੀ ?
ਉੱਤਰ- ਸਭ ਤੋਂ ਛੋਟੀ ਮਾਮੀ।
ਪ੍ਰਸ਼ਨ 24. ਬੰਤੇ ਨੂੰ ਕਿਸਦਾ ਚੁੱਪ-ਚੁੱਪ ਰਹਿਣਾ ਚੰਗਾ ਨਹੀਂ ਲਗਦਾ ?
ਉੱਤਰ- ਤਾਰੋ ਦਾ।
ਪ੍ਰਸ਼ਨ 25. ਬਸੰਤ ਪੰਚਮੀ ਵਾਲੇ ਦਿਨ ਬੰਤਾ ਆਪਣੀ ਪਤਨੀ ਤੇ ਬੇਬੇ ਨੂੰ ਲੈ ਕੇ ਕਿੱਥੇ ਗਿਆ ਸੀ ?
ਉੱਤਰ- ਗੁਰਦੁਆਰਾ ਛਿਹਰਟਾ ਸਾਹਿਬ।
ਪ੍ਰਸ਼ਨ 26. ਦਿੱਲੀ ਤੋਂ ਅੰਮ੍ਰਿਤਸਰ ਮੈਚ ਖੇਡਣ ਆਈਆਂ ਕੁੜੀਆਂ ਦਾ ਸਮਾਨ ਕਿਸ ਨੇ ਚੋਰੀ ਕੀਤਾ ਸੀ ?
ਉੱਤਰ- ਨੱਥੂ ਨੇ।
ਪ੍ਰਸ਼ਨ 27. ਰਿਕਸ਼ੇ ਵਾਲੇ ਕਿਸ਼ਨੇ ਦੀ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਸਮਾਨ ਦੇ ਮਾਲਕ ਨੇ ਖੁਸ਼ ਹੋ ਕੇ ਉਸ ਨੂੰ ਇਨਾਮ ਦੇ ਰੂਪ ਵਿੱਚ ਕੀ ਦਿੱਤਾ ਸੀ ?
ਉੱਤਰ- ਦਸ ਰੁਪਏ।
ਪ੍ਰਸ਼ਨ 28. ਤਾਰੋ ਦੇ ਘਰ ਜਿਹੜਾ ਕਾਰਡ ਆਇਆ ਸੀ, ਉਸ ਵਿੱਚ ਕਿਸ ਦੇ ਵਿਆਹ ਦਾ ਜ਼ਿਕਰ ਸੀ ?
ਉੱਤਰ- ਜੱਸੀ ਦੇ ਵਿਆਹ ਦਾ।
ਪ੍ਰਸ਼ਨ 29. ਬੰਤੇ ਨੇ ਕਰਜ਼ਾ ਕਿਸ ਕੰਮ ਲਈ ਲਿਆ ਸੀ ?
ਉੱਤਰ- ਭੈਣਾਂ ਦੇ ਵਿਆਹ ਲਈ।
ਪ੍ਰਸ਼ਨ 30. ਦਿਆਲੇ ਦੀ ਪਤਨੀ ਕਿੱਥੇ ਗਈ ਸੀ ?
ਉੱਤਰ- ਪੇਕੇ ।
ਪ੍ਰਸ਼ਨ31. ਬੰਤੇ ਨੇ ਨਵੇਂ ਸਾਲ ਵਾਲੇ ਦਿਨ ਬੱਚਿਆਂ ਨੂੰ ਕਿੱਥੋਂ ਦੀ ਸੈਰ ਕਰਵਾਈ ?
ਉੱਤਰ- ਬਾਜ਼ਾਰ ਦੀ।
ਪ੍ਰਸ਼ਨ 32. ਬੰਤੇ ਦੇ ਵਾਲ ਕਿਸਨੇ ਕਟਵਾ ਦਿੱਤੇ ਸਨ ?
ਉੱਤਰ- ਮਾਮੇ ਨੇ ।
ਪ੍ਰਸ਼ਨ 33. ਬੰਤੇ ਅਨੁਸਾਰ ਗਰੀਨ ਐਵੇਨਿਊ ਜਾਣ ਵਾਲੀਆਂ ਸਵਾਰੀਆਂ ਦੇ ਬੈਗ ਵਿਚ ਕੀ ਸੀ ?
ਉੱਤਰ- ਰੁਪਏ।
ਪ੍ਰਸ਼ਨ 34. ਬੰਤਾ ਕਿਸ ਤੋਂ ਬਾਤਾਂ ਸੁਨਣ ਦਾ ਆਨੰਦ ਲੈਂਦਾ ਸੀ ?
ਉੱਤਰ- ਬੇਬੇ ਕੋਲੋਂ।
ਪ੍ਰਸ਼ਨ 35. ਰਿਕਸ਼ੇ ਵਾਲੇ ਉੱਤੇ ਕਹਾਣੀ ਲਿਖਣ ਵਾਲੇ ਬੰਦੇ ਨੂੰ ਰਸਾਲੇ ਵਾਲਿਆਂ ਤੋਂ ਕਿੰਨੇ ਪੈਸੇ ਮਿਲੇ ਸਨ ?
ਉੱਤਰ- ਤੀਹ ਰੁਪਏ।
ਪ੍ਰਸ਼ਨ 36. ਛਾਉਣੀ ਜਾਣ ਵਾਲੇ ਪਤੀ-ਪਤਨੀ ਨੇ ਆਪਣਾ ਖ਼ਰਾਬ ਸਕੂਟਰ ਕਿੱਥੇ ਖੜ੍ਹਾ ਕੀਤਾ ?
ਉੱਤਰ- ਨੇੜੇ ਦੀ ਕੋਠੀ ਵਿਚ।
ਪ੍ਰਸ਼ਨ 37. ਨਵੇਂ ਸਾਲ ਦੀ ਕਮਾਈ ਵਿੱਚੋਂ ਤਾਰੋ ਬੰਤੇ ਨੂੰ ਕੀ ਲਿਆਉਣ ਲਈ ਕਹਿੰਦੀ ਹੈ ?
ਉੱਤਰ- ਆਪਣੇ ਲਈ ਦੇਸੀ ਘਿਉ।


- ਤਿਆਰ ਕਰਤਾ - ਵਤਨ ਸਿੰਘ ਸੰਧੂ
- ਪੰਜਾਬੀ ਮਾਸਟਰ ਸ.ਹ.ਸ ਅਮਰਕੋਟ
- ਮੋਬਾਇਲ ਨੰਬਰ- 9855539200